ਰਜਿਸਟ੍ਰੇਸ਼ਨ ਕਰਾਉਣ ਦੀਆਂ ਹਿਦਾਇਤਾਂ:

ਇੰਟਰਨੈੱਟ ਰਾਹੀਂ, "Novaportal" ਪੋਰਟਲ 'ਤੇ ਲੌਗਇਨ ਕਰਕੇ, ਅਤੇ ਨਵੇਂ ਸਕੂਲੀ ਸਾਲ ਲਈ ਰਜਿਸਟ੍ਰੇਸ਼ਨ ਦੀ ਪੁਸ਼ਟੀ ਕਰਨ ਲਈ ਆਪਣੇ ਯੂਜ਼ਰਨਾਮ ਅਤੇ ਪਾਸਵਰਡ (credenziali) ਦੀ ਵਰਤੋਂ ਕਰਕੇ। ਨਵੀਂ ਰਜਿਸਟ੍ਰੇਸ਼ਨ ਕਰਨ ਅਤੇ ਆਰਜ਼ੀ ਪਾਸਵਰਡ ਪ੍ਰਾਪਤ ਕਰਨ ਲਈ ਨੋਵਾਪੋਰਟਲ (Novaportal) ਵੈੱਬ ਪੋਰਟਲ 'ਤੇ ਜਾਓ। ਇੱਕ ਵਾਰ ਜਦੋਂ ਸਕੂਲ ਮੇਸ ਲਈ ਰਜਿਸਟ੍ਰੇਸ਼ਨ ਦੀ ਪੁਸ਼ਟੀ ਹੋ ਜਾਂਦੀ ਹੈ ਜਾਂ ਨਵੇਂ ਉਪਭੋਗਤਾਵਾਂ ਲਈ ਪੱਕਾ ਪਾਸਵਰਡ ਮਿਲ ਜਾਂਦਾ ਹੈ, ਤਾਂ ਤੁਸੀਂ ਸਮਾਰਟਫ਼ੋਨ 'ਤੇ ਨਵੀਂ ਐਪ "Scuola in tasca" ਦੀ ਵਰਤੋਂ ਕਰ ਸਕਦੇ ਹੋ। ਇਹ ਐਪ Android ਅਤੇ iOS ਸਿਸਟਮਾਂ ਲਈ ਮੁਫ਼ਤ ਉਪਲਬਧ ਹੈ, ਜਿਸਨੂੰ ਉੱਪਰ ਦਿੱਤੇ ਕਦਮਾਂ ਨੂੰ ਪੂਰਾ ਕਰਨ ਤੋਂ ਬਾਅਦ ਡਾਊਨਲੋਡ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਹ ਸੇਵਾਵਾਂ ਉਪਲਬਧ ਹਨ:

ਇੱਕ "ਇਲੈਕਟ੍ਰਾਨਿਕ ਪਰਸ" (borsellino elettronico) ਦੀ ਉਪਲਬਧਤਾ, ਯਾਨੀ ਇੱਕ ਵਰਚੁਅਲ ਕ੍ਰੈਡਿਟ ਜਿਸਦੀ ਵਰਤੋਂ ਖਾਣੇ ਦੇ ਕੂਪਨਾਂ (buoni pasto) ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ।

ਮਾਪਿਆਂ ਵੱਲੋਂ ਸਕੂਲ ਮੇਸ ਸੇਵਾ ਤੋਂ ਬੱਚੇ ਦੀ ਗੈਰ-ਹਾਜ਼ਰੀ ਦੀ ਜਾਣਕਾਰੀ ਦੇਣਾ, ਜਿਸ ਲਈ "Servizi Mensa" ਐਪ, "Scuola in tasca" ਐਪ, "Novaportal" ਵੈੱਬ ਪੋਰਟਲ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਾਂ ਇੱਕ ਮੁਫ਼ਤ ਫ਼ੋਨ ਮਿਸਡ ਕਾਲ (squillo telefonico) ਕੀਤੀ ਜਾ ਸਕਦੀ ਹੈ।

ਭੁਗਤਾਨ ਦੇ ਨਵੇਂ ਤਰੀਕੇ।

ਦਿੱਤੇ ਜਾਣ ਵਾਲੇ ਮੀਨੂ ਦੀ ਜਾਂਚ ਕਰਨ ਅਤੇ ਸੇਵਾ ਨਾਲ ਸੰਬੰਧਿਤ ਕਿਸੇ ਵੀ ਹੋਰ ਜਾਣਕਾਰੀ (ਮੇਸ ਵਿੱਚ ਹਾਜ਼ਰੀ, ਪਰਸ ਦਾ "ਖਾਤਾ ਵੇਰਵਾ/estratto conto") ਦੇਖਣ ਦੀ ਸਹੂਲਤ।